# ਪਿਸ਼ਾਬ ਵਾਲੇ ਕੈਥੇਟਰ (ਨਲੀ) ਦੀ ਦੇਖਭਾਲ

# Urinary Catheter Care

ਪਿਸ਼ਾਬ ਦਾ ਕੈਥੇਟਰ ਇੱਕ ਜਰਮ-ਰਹਿਤ (ਜਾਂ ਕੀਟਾਣੂ-ਮੁਕਤ) ਟਿਊਬ ਹੁੰਦੀ ਹੈ ਜੋ ਤੁਹਾਡੇ ਯੂਰੇਥਰਾ (ਮੂਤਰਮਾਰਗ) ਤੋਂ ਤੁਹਾਡੇ ਮਸਾਨੇ ਤਕ ਜਾਂਦੀ ਹੈ। ਤੁਹਾਡੇ ਪਿਸ਼ਾਬ ਦਾ ਕੈਥੇਟਰ ਪਿਸ਼ਾਬ ਨੂੰ ਤੁਹਾਡੇ ਮਸਾਨੇ ਵਿੱਚੋਂ ਬਾਹਰ ਕੱਢਦਾ ਹੈ। ਟਿਊਬ ਦੇ ਇੱਕ ਸਿਰੇ 'ਤੇ ਛੋਟਾ ਜਿਹਾ ਗੁਬਾਰਾ ਇਸ ਨੂੰ ਤੁਹਾਡੇ ਮਸਾਨੇ ਅੰਦਰ ਪਕੜ ਕੇ ਰੱਖਦਾ ਹੈ।

ਤੁਹਾਡਾ ਕੈਥੇਟਰ ਕਲੈਕਟਿੰਗ ਟਿਊਬਿੰਗ (ਇੱਕ ਨਲੀ) ਨਾਲ ਜੁੜਿਆ ਹੁੰਦਾ ਹੈ। ਇਹ ਟਿਊਬ ਨਿਕਾਸ ਬੈਗ ਤਕ ਜਾਂਦੀ ਹੈ।




ਦਿਨ ਦੌਰਾਨ, ਤੁਸੀਂ ਲੱਤ ਵਾਲੇ ਬੈਗ ਦਾ ਇਸਤੇਮਾਲ ਕਰ ਸਕਦੇ ਹੋ। ਇਹ ਤੁਹਾਡੀ ਪਿੰਨੀ ਦੁਆਲੇ ਬੰਨ੍ਹਿਆ ਜਾਂਦਾ ਹੈ, ਜਿਵੇਂ ਕਿ ਤਸਵੀਰ ਵਿੱਚ ਦਿਖਾਇਆ ਹੈ। ਇਹ ਤੁਹਾਨੂੰ ਹੋਰ ਅਸਾਨੀ ਨਾਲ ਇੱਧਰ-ਉੱਧਰ ਆਉਣ-ਜਾਣ ਦਿੰਦਾ ਹੈ।




ਰਾਤ ਨੂੰ, ਤੁਸੀ ਕੈਥੇਟਰ ਨੂੰ ਵੱਡੇ ਨਿਕਾਸ ਬੈਗ ਨਾਲ ਜੋੜੋਗੇ, ਜਿਸ ਨੂੰ "ਨਾਈਟ ਬੈਗ" ਕਿਹਾ ਜਾਂਦਾ ਹੈ।




ਅਸੀਂ ਤੁਹਾਨੂੰ ਇੱਕ ਯੂਰੌਲੋਜਿਸਟ (ਪਿਸ਼ਾਬ ਨਾਲ ਸੰਬੰਧਤ ਸਮੱਸਿਆਵਾਂ ਦਾ ਮਾਹਰ ਡਾਕਟਰ) ਨੂੰ ਦਿਖਾਉਣ ਦਾ ਇੰਤਜਾਮ ਕੀਤਾ ਹੈ।
We have arranged for you to see an urologist.

ਡਾਕਟਰ /Doctor: ______________________________

ਅਪੌਇੰਟਮੈਂਟ/Appointment: ____________________

### ਸਭ ਤੋਂ ਨਜ਼ਦੀਕੀ ਐਮਰਜੰਸੀ ਵਿਭਾਗ ਵਿੱਚ ਜਾਓ ਜੇ:

- ☐ ਨਿਕਾਸ ਬੈਗ ਵਿੱਚ 4 ਘੰਟੇ ਜਾਂ ਇਸ ਤੋਂ ਵੱਧ ਸਮੇਂ ਤੋਂ ਪਿਸ਼ਾਬ ਦਾ ਵਹਾਓ ਨਹੀਂ ਹੋ ਰਿਹਾ ਅਤੇ ਤੁਹਾਨੂੰ ਮਹਿਸੂਸ ਹੁੰਦਾ ਹੈ ਕਿ ਤੁਹਾਡਾ ਮਸਾਨਾ ਭਰਿਆ ਹੋਇਆ ਹੈ।
- ☐ ਤੁਹਾਡੇ ਪਿਸ਼ਾਬ ਦਾ ਰੰਗ ਬਦਲ ਗਿਆ ਹੈ ਜਾਂ ਪਿਸ਼ਾਬ ਗੰਧਲਾ ਦਿੱਸਦਾ ਹੈ।
- ☐ ਤੁਹਾਡਾ ਪਿਸ਼ਾਬ ਖ਼ੂਨ ਵਰਗਾ ਲਗਦਾ ਹੈ ਜਾਂ ਉਸ ਵਿੱਚ ਖ਼ੂਨ ਦੇ ਵੱਡੇ ਗਤਲੇ ਹੁੰਦੇ ਹਨ।
- ☐ ਤੁਹਾਡੇ ਪਿਸ਼ਾਬ ਵਿੱਚੋਂ ਬਹੁਤ ਭੈੜੀ ਬਦਬੂ ਆਉਂਦੀ ਹੈ।
- ☐ ਜਿਸ ਹਿੱਸੇ ਤੋਂ ਕੈਥੇਟਰ ਤੁਹਾਡੇ ਸਰੀਰ ਵਿੱਚ ਦਾਖ਼ਲ ਹੁੰਦਾ ਹੈ ਉਹ ਲਾਲ, ਸੁੱਜਿਆ ਹੋਇਆ ਜਾਂ ਉੱਥੇ ਹੱਥ ਲਗਾਉਣ 'ਤੇ ਬੇਅਰਾਮੀ ਹੁੰਦੀ ਹੈ।
- ☐ ਕੈਥੇਟਰ ਦੁਆਰਾ ਉਸ ਹਿੱਸੇ ਤੋਂ ਪਸ (ਮਵਾਦ) ਨਿਕਲ ਰਹੀ ਹੈ ਜਿੱਥੋਂ ਕੈਥੇਟਰ ਤੁਹਾਡੇ ਸਰੀਰ ਵਿੱਚ ਦਾਖ਼ਲ ਹੁੰਦਾ ਹੈ।
- ☐ ਕੈਥੇਟਰ ਦੁਆਲੇ ਉਸ ਥਾਂ ਤੋਂ ਪਿਸ਼ਾਬ ਦਾ ਰਿਸਾਵ ਹੋ ਰਿਹਾ ਹੈ ਜਿੱਥੇ ਇਹ ਤੁਹਾਡੇ ਸਰੀਰ ਵਿੱਚ ਦਾਖਲ ਹੁੰਦਾ ਹੈ।
- ☐ ਤੁਹਾਨੂੰ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਤੁਹਾਨੂੰ ਉਲਟੀ ਆਵੇਗੀ (ਜੀਅ ਕੱਚਾ ਹੋਣਾ) ਜਾਂ ਤੁਹਾਨੂੰ ਉਲਟੀ ਆਉਂਦੀ ਹੈ।
- ☐ ਤੁਹਾਨੂੰ ਕਾਂਬਾ ਚੜ੍ਹਦਾ ਹੈ ਜਾਂ 38.5°C (101.3°F) ਤੋਂ ਵੱਧ ਬੁਖ਼ਾਰ ਹੁੰਦਾ ਹੈ।

### ਹੋਰ ਜਾਣਨ ਲਈ, ਹੇਠ ਲਿਖਿਆਂ ਤੋਂ ਪੁੱਛਣਾ ਚੰਗਾ ਹੁੰਦਾ ਹੈ:

- ਤੁਹਾਡਾ ਫ਼ੈਮਲੀ ਡਾਕਟਰ
- ਤੁਹਾਡਾ ਯੂਰੌਲੋਜਿਸਟ
- HealthLinkBC (ਹੈਲਥਲਿੰਕ ਬੀ.ਸੀ.) – 8-1-1 'ਤੇ ਕਾਲ ਕਰੋ (ਬੋਲਿਆਂ ਅਤੇ ਉੱਚਾ ਸੁਣਨ ਵਾਲਿਆਂ ਲਈ 7-1-1) ਜਾਂ www.HealthLinkBC.ca 'ਤੇ ਆਨਲਾਈਨ ਜਾਓ



ਇਸ ਦਸਤਾਵੇਜ਼ ਵਿਚਲੀ ਜਾਣਕਾਰੀ ਸਿਰਫ਼ ਉਸ ਵਿਅਕਤੀ ਲਈ ਹੈ ਜਿਸ ਨੂੰ ਸਿਹਤ ਸੰਭਾਲ ਟੀਮ ਵੱਲੋਂ ਇਹ ਦਸਤਾਵੇਜ਼ ਦਿੱਤਾ ਜਾਂਦਾ ਹੈ।

Printshop #262814 (May 2013)

## ਆਪਣੇ ਕੈਥੇਟਰ ਦੀ ਦੇਖਭਾਲ ਕਿਵੇਂ ਕਰਨੀ ਹੈ

ਕੈਥੇਟਰ, ਟਿਊਬ ਜਾਂ ਬੈਗਾਂ ਸਬੰਧੀ ਕੰਮ ਕਰਨ ਤੋਂ ਪਹਿਲਾਂ **ਅਤੇ** ਬਾਅਦ ਹਮੇਸ਼ਾ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਵੋ।

**ਇਨਫ਼ਕਸ਼ਨ ਫ਼ੈਲਣ ਦੀ ਰੋਕਥਾਮ ਲਈ ਧੁਆਈ ਸਭ ਤੋਂ ਅਹਿਮ ਕਦਮ ਹੈ।**

ਇਹ ਚਿੰਨ੍ਹ ਤੁਹਾਨੂੰ ਆਪਣੇ ਹੱਥ ਧੋਣ ਦੀ ਯਾਦ ਦੁਆਉਂਦਾ ਹੈ।

ਪਖਾਨੇ ਜਾਣ (ਟੱਟੀ ਕਰਨ ਲਈ ਜਾਣਾ) ਤੋਂ ਬਾਅਦ ਸਫ਼ਾਈ ਕਰਨ ਲਈ ਹਮੇਸ਼ਾ ਮੂਹਰੇ ਤੋਂ ਪਿੱਛੇ ਵੱਲ ਨੂੰ ਪੂੰਝੋ।

ਦਿਨ ਵਿੱਚ ਘੱਟੋ-ਘੱਟ ਇੱਕ ਵਾਰੀ, ਆਪਣੀਆਂ ਲੱਤਾਂ ਅਤੇ ਕੈਥੇਟਰ ਦੁਆਲੇ ਦੇ ਹਿੱਸੇ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ। ਹਮੇਸ਼ਾ ਅੱਗੇ ਤੋਂ ਪਿੱਛੇ ਵੱਲ ਧੋਵੋ।

ਕੈਥੇਟਰ ਨੂੰ ਖਿੱਚੋ ਜਾਂ ਘਸੀਟੋ **ਨਾ।** ਯਕੀਨੀ ਬਣਾਓ ਕਿ ਕੈਥੇਟਰ ’ਤੇ ਖਿੱਚ ਨਾ ਪੈਂਦੀ ਹੋਵੇ, ਨਿਕਾਸ ਬੈਗ ਕੈਥੇਟਰ ਨੂੰ ਘਸੀਟ ਜਾਂ ਖਿੱਚ ਨਾ ਰਿਹਾ ਹੋਵੇ। ਇਹ ਟਿਸ਼ੂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਹਮੇਸ਼ਾ ਕੈਥੇਟਰ ਟਿਊਬ ਨੂੰ ਆਪਣੇ ਪੱਟ ਨਾਲ ਸੁਰੱਖਿਅਤ ਬੰਨ੍ਹੋ ਜਿਸ ਨਾਲ ਖਿੱਚੇ ਜਾਣ ਤੋਂ ਰੋਕਣ ਲਈ ਟੇਪ ਲੱਗੀ ਹੋਵੇ।

ਇਹ ਯਕੀਨੀ ਬਣਾਉਣ ਲਈ ਜਾਂਚ ਕਰੋ ਕਲੈਕਟਿੰਗ ਟਿਊਬਿੰਗ ਵਿੱਚ ਕੋਈ ਵਲ ਨਾ ਹੋਣ। ਟਿਊਬ ਵਿੱਚ ਵਲ ਮਸਾਨੇ ਤੋਂ ਬਾਹਰ ਆਉਂਦੇ ਪਿਸ਼ਾਬ ਦੇ ਵਹਾਓ ਨੂੰ ਰੋਕਦੇ ਹਨ।

ਨਿਕਾਸ ਬੈਗ ਨੂੰ ਹਮੇਸ਼ਾ ਆਪਣੇ ਮਸਾਨੇ ਦੇ ਪੱਧਰ ਤੋਂ ਹੇਠਾਂ ਰੱਖੋ ਤਾਂ ਕਿ ਪਿਸ਼ਾਬ ਠੀਕ ਢੰਗ ਨਾਲ ਬਾਹਰ ਆਵੇ।

ਨਿਕਾਸੀ ਵਾਲੇ ਬੈਗ ਨੂੰ ਹਮੇਸ਼ਾ ਫ਼ਰਸ਼ ਤੋਂ ਉੱਪਰ ਰੱਖੋ। ਫ਼ਰਸ਼ ਨਾਲ ਸੰਪਰਕ ਰੋਕਣ ਲਈ ਅਤੇ ਜੇ ਰਾਤ ਵਾਲੇ ਬੈਗ ਵਿੱਚੋਂ ਰਿਸਾਵ ਹੋ ਜਾਂਦਾ ਹੈ ਤਾਂ ਰਾਤ ਵਾਲੇ ਬੈਗ ਨੂੰ ਪਲਾਸਟਿਕ ਦੀ ਸਾਫ਼ ਬਾਲਟੀ ਵਿੱਚ ਰੱਖੋ।

ਹਰ ਰੋਜ਼ ਪਾਣੀ ਦੇ 8 ਤੋਂ 10 ਗਿਲਾਸ ਪੀਓ (ਜੇ ਤੁਹਾਡੇ ਡਾਕਟਰ ਵੱਲੋਂ ਤੁਹਾਨੂੰ ਵੱਖਰੇ ਢੰਗ ਨਾਲ ਨਹੀਂ ਦੱਸਿਆ ਗਿਆ)। ਤਰਲ ਪਦਾਰਥਾਂ ਵਿੱਚੋਂ ਪਾਣੀ ਸਭ ਤੋਂ ਵਧੀਆ ਚੋਣ ਹੈ ਪਰ ਹੋਰਨਾ ਤਰਲ ਪਦਾਰਥਾਂ ਵਿੱਚ ਦੁੱਧ, ਜੂਸ, ਸੂਪ ਅਤੇ ਥੋੜ੍ਹੀ ਮਿਕਦਾਰ ਵਿੱਚ ਚਾਹ ਜਾਂ ਕੌਫ਼ੀ ਸ਼ਾਮਲ ਹੋ ਸਕਦੇ ਹਨ।

## ਨਿਕਾਸ ਬੈਗ ਨੂੰ ਖ਼ਾਲੀ ਕਰਨ ਲਈ

- ਸਟਾਪਰ ਨੂੰ ਖੋਲ੍ਹੋ।
- ਸਾਰੇ ਪਿਸ਼ਾਬ ਨੂੰ ਟੌਇਲਟ ਵਿੱਚ ਡੋਲ੍ਹ ਦਿਓ।
- ਨਿਕਾਸ ਦੇ ਮੂਹਰਲੇ ਹਿੱਸੇ ਨੂੰ ਨਾ ਛੂਹੋ। ਜੇ ਤੁਸੀਂ ਗ਼ਲਤੀ ਨਾਲ ਮੂਹਰਲੇ ਹਿੱਸੇ ਨੂੰ ਛੂਹ ਲੈਂਦੇ ਹੋ ਤਾਂ ਇਸ ਨੂੰ ਅਲਕੋਹਲ ਦੇ ਫੰਭੇ ਨਾਲ ਸਾਫ਼ ਕਰੋ।
- ਸਟਾਪਰ ਨੂੰ ਬੰਦ ਕਰੋ।

### ਲੱਤ ਵਾਲਾ ਬੈਗ

- ਲੱਤ ਵਾਲੇ ਬੈਗ ਨੂੰ ਆਪਣੀ ਲੱਤ ਨਾਲ ਬੰਨ੍ਹਣ ਲਈ ਹਮੇਸ਼ਾ ਤਣੀਆਂ ਦਾ ਇਸਤੇਮਾਲ ਕਰੋ।
- ਲੱਤ ਵਾਲੇ ਬੈਗ ਨੂੰ ਹਰ ਤਿੰਨ ਜਾਂ ਚਾਰ ਘੰਟਿਆਂ ਬਾਅਦ ਖ਼ਾਲੀ ਕਰੋ, ਜਾਂ ਉਦੋਂ ਖ਼ਾਲੀ ਕਰੋ ਜਦੋਂ ਇਹ ਅੱਧਾ ਭਰ ਜਾਂਦਾ ਹੈ।

### ਰਾਤ ਦਾ ਨਿਕਾਸ ਬੈਗ

- ਆਪਣੀਆਂ ਸਾਮਗਰੀਆਂ ਇਕੱਠੀਆਂ ਕਰੋ: ਰਾਤ ਵਾਲਾ ਬੈਗ, ਟੇਪ, ਅਲਕੋਹਲ ਦਾ ਫੰਭਾ
- ਆਪਣੇ ਲੱਤ ਵਾਲੇ ਬੈਗ ਨੂੰ ਖ਼ਾਲੀ ਕਰੋ।
- ਲੱਤ ਵਾਲੇ ਬੈਗ ਨੂੰ ਕੈਥੇਟਰ ਤੋਂ ਵੱਖ ਕਰੋ ਅਤੇ ਇਸ ਨੂੰ ਪਰ੍ਹਾਂ ਰੱਖ ਦਿਓ।
- ਰਾਤ ਵਾਲੇ ਬੈਗ ਦੀ ਕਲੈਕਟਿੰਗ ਟਿਊਬਿੰਗ ਉੱਪਰ ਲੱਗੇ ਰੱਖਿਆਤਮਕ ਖੋਲ ਨੂੰ ਉਤਾਰ ਦਿਓ। ਇਸ ਖੋਲ ਨੂੰ ਲੱਤ ਵਾਲੇ ਬੈਗ ਨਾਲ ਜੋੜਨ ਲਈ ਰੱਖੋ।
- ਕੈਥੇਟਰ ਦੇ ਸ਼ੁਰੂਆਤੀ ਸਿਰੇ ਜਾਂ ਇਕੱਠਾ ਕਰਨ ਵਾਲੀ ਟਿਊਬ ਨੂੰ ਬਿਨਾ ਛੂਹਿਆਂ, ਟਿਊਬ ਨੂੰ ਰਾਤ ਵਾਲੇ ਬੈਗ ਨਾਲ ਜੋੜ ਦਿਓ।
- ਜਿਹੜੀ ਲੱਤ ਬਿਸਤਰ ਦੇ ਪਾਸੇ ਵੱਲ ਹੈ, ਟੇਪ ਲਗਾ ਕੇ ਉਸ ਲੱਤ ਨਾਲ ਟਿਊਬ ਨੂੰ ਜੋੜ ਲਓ। ਜਦੋਂ ਤਕ ਤੁਸੀਂ ਸੌਣ ਦੀ ਤਿਆਰ ਨਹੀਂ ਹੁੰਦੇ, ਉਸ ਸਮੇਂ ਦੌਰਾਨ ਰਾਤ ਵਾਲੇ ਬੈਗ ਨੂੰ ਆਪਣੇ ਲੱਕ ਉੱਪਰ ਬੰਨ੍ਹੀ ਬੈਲਟ ਨਾਲ ਜਾਂ ਆਪਣੇ ਹਾਊਸਕੋਟ ਦੀ ਬੈਲਟ ਨਾਲ ਟੰਗ ਲਓ।
- ਲੱਤ ਵਾਲੇ ਬੈਗ ਨੂੰ ਸਾਫ਼ ਕਰੋ।
- ਸਵੇਰ ਵੇਲੇ, ਰਾਤ ਵਾਲੇ ਬੈਗ ਨੂੰ ਖ਼ਾਲੀ ਕਰ ਦਿਓ ਅਤੇ ਲੱਤ ਵਾਲੇ ਬੈਗ ਨੂੰ ਜੋੜਨ ਲਈ (ਦਿੱਤੇ) ਕਦਮਾਂ ਦੀ ਪਾਲਣਾ ਕਰੋ।
- ਰਾਤ ਵਾਲੇ ਬੈਗ ਨੂੰ ਸਾਫ਼ ਕਰੋ।


**ਇਸ ਦਸਤਾਵੇਜ਼ ਵਿਚਲੀ ਜਾਣਕਾਰੀ ਸਿਰਫ਼ ਉਸ ਵਿਅਕਤੀ ਲਈ ਹੈ ਜਿਸ ਨੂੰ ਸਿਹਤ ਸੰਭਾਲ ਟੀਮ ਵੱਲੋਂ ਇਹ ਦਸਤਾਵੇਜ਼ ਦਿੱਤਾ ਜਾਂਦਾ ਹੈ।**
Printshop #262814 (May 2013)

## ਨਿਕਾਸ ਬੈਗਾਂ ਦੀ ਸਫ਼ਾਈ ਕਰਨੀ

ਬੈਗ ਖਾਲੀ ਕਰੋ।

- ਬੈਗ ਨੂੰ ਉਤਾਰਨ ਤੋਂ ਬਾਅਦ ਬੈਗ ਨੂੰ ਸਾਫ਼ ਕਰੋ। ਬਾਥ ਟੱਬ ਬੈਗ ਨੂੰ ਸਾਫ਼ ਕਰਨ ਲਈ ਵਧੀਆ ਥਾਂ ਹੈ।
- ਟਿਊਬ ਅਤੇ ਬੈਗ ਨੂੰ ਸਾਬਣ ਵਾਲੇ ਪਾਣੀ ਨਾਲ ਸਾਫ਼ ਕਰੋ। ਬੈਗ ਨੂੰ ਪਾਣੀ ਨਾਲ ਖੰਘਾਲੋ ਅਤੇ ਬਾਹਰ ਕੱਢ ਦਿਓ।
- ਛੋਟੀ ਫ਼ਨਲ (ਕੀਪ) ਇਸਤੇਮਾਲ ਕਰਦਿਆਂ, ਸਫ਼ੈਦ ਸਿਰਕੇ ਦਾ ¼ ਕੱਪ (50 ਐੱਮ.ਐੱਲ.) ਅਤੇ 1 ਕੱਪ (250 ਐੱਮ.ਐੱਲ.) ਪਾਣੀ ਨੂੰ ਬੈਗ ਵਿੱਚ ਟਿਊਬ ਰਾਹੀਂ ਪਾਓ।
- ਬੈਗ ਨੂੰ ਹੌਲੀ-ਹੌਲੀ ਹਿਲਾਓ।
- ਬੈਗ ਨੂੰ ਪੂਰੀ ਤਰ੍ਹਾਂ ਖ਼ਾਲੀ ਕਰ ਦਿਓ।
- ਹਵਾ ਲਗਾ ਕੇ ਪੂਰੀ ਤਰ੍ਹਾਂ ਸੁਕਾਉਣ ਲਈ ਬੈਗ ਨੂੰ ਸਾਫ਼ ਤੌਲੀਏ 'ਤੇ ਰੱਖੋ।
- ਜੋੜ ਨੂੰ ਅਲਕੋਹਲ ਵਾਲੇ ਫੰਭੇ ਨਾਲ ਸਾਫ਼ ਕਰੋ।

ਸਿਰੇ ਨੂੰ ਸਾਫ਼ ਸੁਰੱਖਿਆਤਮਕ ਢੱਕਣ ਨਾਲ ਢੱਕ ਦਿਓ।

ਤੁਸੀਂ ਅਲਕੋਹਲ ਦੇ ਫੰਭੇ ਫ਼ਾਰਮੇਸੀ ਤੋਂ ਲੈ ਸਕਦੇ ਹੋ। "ਰਿਪਲੇਸਮੈਂਟ ਬੈਗ" ਮੈਡੀਕਲ ਸਪਲਾਈ ਸਟੋਰਾਂ ਅਤੇ ਕੁਝ ਫ਼ਾਰਮੇਸੀਆਂ ਤੋਂ ਮਿਲਦੇ ਹਨ।

## ਸ਼ਬਦਾਂ ਦਾ ਕੀ ਅਰਥ ਹੈ

ਕਿਡਨੀਜ਼ (ਕਿਡ-ਨੀ ਦੀ ਤਰ੍ਹਾਂ ਸੁਣਾਈ ਦਿੰਦਾ ਹੈ) ਇਹ ਲੋਬੀਏ ਦੀ ਬਣਤਰ ਵਾਲੇ ਅੰਗ ਖ਼ੂਨ ਵਿੱਚ ਰਹਿੰਦ ਨੂੰ ਕੱਢ ਕੇ ਪਿਸ਼ਾਬ ਬਣਾਉਂਦੇ ਹਨ।

ਯੂਰੇਟਰਜ਼ (ਯੂਰ-ਏ-ਟਰਜ਼ ਦੀ ਤਰ੍ਹਾਂ ਸੁਣਾਈ ਦਿੰਦਾ ਹੈ) ਇਹ ਦੋ ਛੋਟੀਆਂ ਟਿਊਬਾਂ ਪਿਸ਼ਾਬ ਨੂੰ ਗੁਰਦਿਆਂ ਤੋਂ ਮਸਾਨੇ ਤਕ ਪਹੁੰਚਾਉਂਦੀਆਂ ਹਨ।

ਬਲੈਡਰ (ਬਲੈਹ-ਡਰ ਦੀ ਤਰ੍ਹਾਂ ਸੁਣਾਈ ਦਿੰਦਾ ਹੈ) ਇਹ ਡੂੰਘਾ ਅੰਗ ਪਿਸ਼ਾਬ ਨੂੰ ਉਦੋਂ ਤਕ ਇਕੱਠਾ ਕਰਦਾ ਅਤੇ ਸਮੋ ਕੇ ਰੱਖਦਾ ਹੈ ਜਦੋਂ ਤਕ ਇਹ ਸਰੀਰ ਵਿੱਚੋਂ ਬਾਹਰ ਨਹੀਂ ਜਾਂਦਾ।

ਯੂਰੇਥਰਾ (ਯੂਰ-ਈ-ਥਰਾ ਸੁਣਾਈ ਦਿੰਦਾ ਹੈ) ਇਹ ਛੋਟੀ ਜਿਹੀ ਟਿਊਬ ਮਸਾਨੇ ਤੋਂ ਪਿਸ਼ਾਬ ਨੂੰ ਸਰੀਰ ਤੋਂ ਬਾਹਰ ਲੈ ਜਾਂਦੀ ਹੈ।

ਯੂਰੀਨ (ਯੂਰ-ਈਨ ਦੀ ਤਰ੍ਹਾਂ ਸੁਣਾਈ ਦਿੰਦਾ ਹੈ) ਗੁਰਦਿਆਂ ਵੱਲੋਂ ਤਿਆਰ ਰਹਿੰਦ ਵਾਲਾ ਤਰਲ, ਜਿਸ ਨੂੰ ਆਮ ਤੌਰ 'ਤੇ 'ਪਿਸ਼ਾਬ' ਕਿਹਾ ਜਾਂਦਾ ਹੈ।

ਯੂਰੀਨੇਟ (ਯੂਰ-ਈਨ-ਏਟ ਦੀ ਤਰ੍ਹਾਂ ਸੁਣਾਈ ਦਿੰਦਾ ਹੈ) ਸਰੀਰ ਵਿੱਚੋਂ ਪਿਸ਼ਾਬ ਦੇ ਬਾਹਰ ਜਾਣ ਦੀ ਪ੍ਰਕਿਰਿਆ, ਆਮ ਤੌਰ 'ਤੇ 'ਟੌਇਲਟ ਜਾਣਾ' ਜਾਂ 'ਪਿਸ਼ਾਬ ਕਰਨ ਜਾਣਾ' ਕਿਹਾ ਜਾਂਦਾ ਹੈ।

Images used with permission from 'Kidney Infection – Going Home' (July 2010) by Providence Health Care and 'Going Home with a Urinary Catheter' (August 2011) by Vancouver Coastal Health.



**ਇਸ ਦਸਤਾਵੇਜ਼ ਵਿਚਲੀ ਜਾਣਕਾਰੀ ਸਿਰਫ਼ ਉਸ ਵਿਅਕਤੀ ਲਈ ਹੈ ਜਿਸ ਨੂੰ ਸਿਹਤ ਸੰਭਾਲ ਟੀਮ ਵੱਲੋਂ ਇਹ ਦਸਤਾਵੇਜ਼ ਦਿੱਤਾ ਜਾਂਦਾ ਹੈ।**

Printshop #262814 (May 2013)